Website Link: mib.gov.in

# ਡਿਜੀਟਲ ਮੀਡੀਆ ਐਥਿਕਸ ਕੋਡ

ਇਨਫਰਮੇਸ਼ਨ ਟੈਕਨੋਲੋਜੀ (ਇੰਟਰਮੀਡੀਅਰੀ ਗਾਈਡਲਾਈਨਸ ਐਂਡ ਡਿਜੀਟਲ ਮੀਡੀਆ ਐਥਿਕਸ ਕੋਡ) ਰੂਲਸ 2021

## ਆਮ ਪੁੱਛੇ ਜਾਣ ਵਾਲੇ ਪ੍ਰਸ਼ਨ



ਸੂਚਨਾ ਤੇ ਪ੍ਰਸਾਰਣ ਮੰਤਰਾਲਾ

# ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

ਸੈਕਸ਼ਨ I: ਮੁਢਲੀ ਜਾਣਕਾਰੀ

**1. ਇਨਫਰਮੇਸ਼ਨ ਟੈਕਨੋਲੋਜੀ (ਇੰਟਰਮੀਡੀਅਰੀ ਗਾਈਡਲਾਈਨਸ ਅਤੇ ਡਿਜੀਟਲ ਮੀਡੀਆ ਐਥਿਕਸ ਕੋਡ) ਰੂਲਸ, 2021 ਦਾ ਕੀ ਮਹੱਤਵ ਹੈ?**

ਪਿਛਲੇ ਕੁਝ ਸਾਲਾਂ ਦੌਰਾਨ ਡਿਜੀਟਲ ਮੀਡੀਆ ਪ੍ਰਫੁੱਲਤ ਹੋਇਆ ਹੈ। ਬਹੁਤ ਸਾਰੀਆਂ ਨਵੀਆਂ ਸਬੰਧਿਤ ਧਿਰਾਂ, ਜਿਵੇਂ ਕਿ ਔਨਲਾਈਨ ਨਿਊਜ਼ ਪੋਰਟਲਸ, ਓਟੀਟੀ ਪਲੈਟਫਾਰਮਸ ਆਦਿ ਹੁਣ ਇੰਟਰਨੈੱਟ ਉੱਤੇ ਆਮ ਹੋ ਗਈਆਂ ਹਨ। ਇਹ ਨਿਯਮ, ਇਨ੍ਹਾਂ ਇਕਾਈਆਂ ਲਈ ਇੱਕ ਸੰਸਥਾਗਤ ਪ੍ਰਬੰਧ ਮੁਹੱਈਆ ਕਰਵਾਉਂਦੇ ਹਨ, ਪ੍ਰੈੱਸ ਤੇ ਆਮ ਕਲਾਕਾਰਾਂ ਸਮੇਤ ਆਮ ਨਾਗਰਿਕਾਂ ਦੇ ਬੋਲਣ ਤੇ ਆਪਣੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨੂੰ ਦਰੁਸਤ ਠਹਿਰਾਉਂਦੇ ਹੋਏ ਨਾਗਰਿਕਾਂ ਨੂੰ ਸਸ਼ਕਤ ਬਣਾਉਂਦੇ ਹਨ ਤੇ ਸੰਭਾਵੀ ਨੁਕਸਾਨਦੇਹ ਕੰਟੈਂਟ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖਦੇ ਹਨ। ਇਹ ਨਿਯਮ; ਡਿਜੀਟਲ ਮੀਡੀਆ ਬਾਰੇ ਨਿਊਜ਼ ਮੀਡੀਆ ਕਰਮੀਆਂ ਨੂੰ ਮਾਨਤਾ ਅਤੇ ਅਵਸਰ ਪ੍ਰਦਾਨ ਕਰਦੇ ਹੋਏ ਭਾਰਤ ਵਿੱਚ ਮੀਡੀਆ ਤੇ ਮਨੋਰੰਜਨ ਖੇਤਰ ਦਾ ਟਿਕਾਊ ਤੇ ਦੀਰਘਕਾਲੀ ਵਿਕਾਸ ਸੁਨਿਸ਼ਚਿਤ ਕਰਨਗੇ।

**2. ਕਿਸ ਕਾਨੂੰਨੀ ਵਿਵਸਥਾ ਅਧੀਨ ਇਹ ਨਿਯਮ ਬਣਾਏ ਗਏ ਹਨ? ਕੀ ਉਨ੍ਹਾਂ ਨੂੰ ਸੰਸਦ ਸਾਹਮਣੇ ਰੱਖਿਆ ਜਾਵੇਗਾ?**

‘ਇਨਫਰਮੇਸ਼ਨ ਟੈਕਨੋਲੋਜੀ ਐਕਟ, 2000’ ਸੰਸਦ ਦੁਆਰਾ ਪਾਸ ਕੀਤਾ ਗਿਆ ਕਾਨੂੰਨ ਹੈ। ਇਹ ਨਿਯਮ ਉਸੇ ਕਾਨੂੰਨ ਅਧੀਨ ਬਣਾਏ ਗਏ ਹਨ ਤੇ ਇਨ੍ਹਾਂ ਨੂੰ ਸੰਸਦ ‘ਚ ਰੱਖਿਆ ਜਾਵੇਗਾ।

**3. ਉਹ ਕਿਹੜੀ ਮਿਤੀ ਹੈ, ਜਦ ਤੋਂ ਡਿਜੀਟਲ ਖ਼ਬਰਾਂ ਦੇ ਪ੍ਰਕਾਸ਼ਕਾਂ ਅਤੇ ਓਟੀਟੀ ਪਲੈਟਫਾਰਮਾਂ ਲਈ ਇਹ ਨਿਯਮ ਲਾਗੂ ਹੋਣਗੇ?**

ਇਹ ਨਿਯਮ 25 ਫ਼ਰਵਰੀ, 2021 ਤੋਂ ਲਾਗੂ ਹੋ ਗਏ ਹਨ।

**4. ਮੈਂ ਇਹ ਨਿਯਮ ਡਿਟੇਲ ਵਿੱਚ ਕਿੱਥੇ ਪੜ੍ਹ ਸਕਦਾ ਹਾਂ?**

ਇਹ ਨਿਯਮ ਮੰਤਰਾਲੇ ਦੀ ਵੈੱਬਸਾਈਟ ਉੱਤੇ ਇੱਥੇ ਪੜ੍ਹੇ ਜਾ ਸਕਦੇ ਹਨ https://mib.gov.in/digitalmedia/information-technology-intermediary-guidelines-and-digital-media-ethics-code-rules-2021


## ਸੈਕਸ਼ਨ II: ਬੁਨਿਆਦੀ ਪਰਿਭਾਸ਼ਕ ਸ਼ਬਦਾਵਲੀ ਅਤੇ ਨਿਯਮਾਂ ਦਾ ਖੇਤਰ

**5. ਕਿਹੜੀਆਂ ਇਕਾਈਆਂ 'ਇਨਫਰਮੇਸ਼ਨ ਟੈਕਨੋਲੋਜੀ (ਇੰਟਰਮੀਡੀਅਰੀ ਗਾਈਡਲਾਈਨਸ ਐਂਡ ਡਿਜੀਟਲ ਮੀਡੀਆ ਐਥਿਕਸ ਕੋਡ) ਰੂਲਸ, 2021' ਦੇ ਤਹਿਤ ਕਵਰ ਹੁੰਦੀਆਂ ਹਨ?**

ਇਹ ਨਿਯਮ ਖ਼ਬਰਾਂ ਅਤੇ ਚਲੰਤ ਮਾਮਲਿਆਂ ਦੇ ਪ੍ਰਕਾਸ਼ਕਾਂ, ਔਨਲਾਈਨ ਤਿਆਰ ਕੀਤੇ ਕੰਟੈਂਟ ਦੇ ਪ੍ਰਕਾਸ਼ਕਾਂ (ਜਿਨ੍ਹਾਂ ਨੂੰ ਆਮ ਤੌਰ 'ਤੇ ਓਟੀਟੀ ਪਲੈਟਫਾਰਮਸ ਵਜੋਂ ਜਾਣਿਆ ਜਾਂਦਾ ਹੈ) ਅਤੇ ਇੰਟਰਮੀਡੀਅਰੀਜ਼ ਉੱਤੇ ਲਾਗੂ ਹੁੰਦੇ ਹਨ।

ਡਿਜੀਟਲ ਮੀਡੀਆ ਐਥਿਕਸ ਕੋਡ

ਮੁੱਖ ਵਿਸ਼ੇਸ਼ਤਾਵਾਂ




**6. ਕੀ ਇਹ ਨਿਯਮ ਇਲੈਕਟ੍ਰੌਨਿਕਸ ਅਤੇ ਇਨਫਰਮੇਸ਼ਨ ਟੈਕਨੋਲੋਜੀ ਮੰਤਰਾਲੇ ਜਾਂ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੁਆਰਾ ਸ਼ਾਸਿਤ ਹਨ?**

ਇਨ੍ਹਾਂ ਨਿਯਮਾਂ ਦਾ ਭਾਗ II ਇੰਟਰਮੀਡੀਅਰੀਜ਼ ਨਾਲ ਸਬੰਧਿਤ ਹੈ ਅਤੇ ਇਹ ਇਲੈਕਟ੍ਰੌਨਿਕਸ ਤੇ ਇਨਫਰਮੇਸ਼ਨ ਟੈਕਨੋਲੋਜੀ ਮੰਤਰਾਲੇ ਦੁਆਰਾ ਸ਼ਾਸਿਤ ਹੋਵੇਗਾ। ਭਾਗ III ਡਿਜੀਟਲ ਨਿਊਜ਼ ਪ੍ਰਕਾਸ਼ਕਾਂ ਅਤੇ ਓਟੀਟੀ ਪਲੈਟਫਾਰਮਾਂ ਨਾਲ ਸਬੰਧਿਤ ਹੈ ਅਤੇ ਉਹ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੁਆਰਾ ਸ਼ਾਸਿਤ ਹੋਵੇਗਾ।




**7. ਡਿਜੀਟਲ ਮੀਡੀਆ ‘ਤੇ ਕਿਹੜੀਆਂ ਇਕਾਈਆਂ ਖ਼ਬਰਾਂ ਤੇ ਚਲੰਤ ਮਾਮਲਿਆਂ ਦੀਆਂ ਪ੍ਰਕਾਸ਼ਕ ਹਨ?**

ਇੱਕ ਔਨਲਾਈਨ ਅਖ਼ਬਾਰ, ਖ਼ਬਰਾਂ ਦਾ ਪੋਰਟਲ, ਖ਼ਬਰਾਂ ਦਾ ਸੰਗ੍ਰਹਿਕਰਤਾ, ਖ਼ਬਰ ਏਜੰਸੀ ਆਦਿ ਖ਼ਬਰਾਂ ਤੇ ਚਲੰਤ ਮਾਮਲਿਆਂ ਨਾਲ ਸਬੰਧਿਤ ਕੰਟੈਂਟ ਦੇ ਪ੍ਰਕਾਸ਼ਕ ਹਨ। ਇਹੋ ਜਿਹੇ ਕਾਰਜਾਂ ਨੂੰ ਅੰਜਾਮ ਦੇਣ ਵਾਲੀਆਂ ਹੋਰ ਇਕਾਈਆਂ ਵੀ ਖ਼ਬਰਾਂ ਤੇ ਚਲੰਤ ਮਾਮਲਿਆਂ ਨਾਲ ਸਬੰਧਿਤ ਕੰਟੈਂਟ ਦੇ ਪ੍ਰਕਾਸ਼ਕ ਹਨ।

**8. ਔਨਲਾਈਨ ਤਿਆਰ ਕੀਤੇ ਕੰਟੈਂਟ ਦਾ ਪ੍ਰਕਾਸ਼ਕ ਕੌਣ ਹੈ?**

ਔਨਲਾਈਨ ਕੰਟੈਂਟ ਤਿਆਰ ਕਰਨ ਵਾਲੇ ਪ੍ਰਕਾਸ਼ਕਾਂ ਨੂੰ ਆਮ ਤੌਰ ਉੱਤੇ ਓਟੀਟੀ ਪਲੈਟਫਾਰਮ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਨੈੱਟਫ਼ਲਿਕਸ, ਐਮੇਜ਼ੌਨ ਪ੍ਰਾਈਮ, ਜ਼ੀ5, ਆਲਟ ਬਾਲਾਜੀ ਆਦਿ ਜਿਹੀਆਂ ਉਦਾਹਰਣਾਂ ਸ਼ਾਮਲ ਹਨ। ਇਹ ਪ੍ਰਕਾਸ਼ਕ ਆਪਣੇ ਮੰਚਾਂ 'ਤੇ ਪ੍ਰੋਗਰਾਮਾਂ, ਫ਼ਿਲਮਾਂ, ਵੈੱਬ–ਸੀਰੀਜ਼ ਆਦਿ ਦੀ ਕਿਸਮ ਬਾਰੇ ਫ਼ੈਸਲਾ ਕਰਦੇ ਹਨ ਅਤੇ ਦਰਸ਼ਕਾਂ ਨੂੰ ਉਪਲਬਧ ਕਰਵਾਉਂਦੇ ਹਨ।

## 09. ਔਨਲਾਈਨ ਤਿਆਰ ਕੀਤੇ (ਕਿਊਰੇਟਡ) ਕੰਟੈਂਟ ਦਾ ਕੀ ਅਰਥ ਹੈ?

ਔਨਲਾਈਨ ਤਿਆਰ ਕੀਤੇ (ਕਿਊਰੇਟਡ) ਕੰਟੈਂਟ ਆਡੀਓ–ਵਿਜ਼ੂਅਲ ਕੰਟੈਂਟ ਹੈ; ਜਿਵੇਂ ਕਿ ਫ਼ਿਲਮਾਂ, ਵੈੱਬ–ਸੀਰੀਜ਼ ਆਦਿ, ਜੋ ਓਟੀਟੀ ਪਲੈਟਫਾਰਮਾਂ ਉਪਰ ਮੰਗ–ਉੱਤੇ ਦਰਸ਼ਕਾਂ ਨੂੰ ਉਪਲਬਧ ਕਰਵਾਇਆ ਜਾਂਦਾ ਹੈ।

## 10. ਇੰਟਰਨੈੱਟ 'ਤੇ ਕਿਹੜੇ ਕੰਟੈਂਟ ਨੂੰ ਮੰਗ–ਉੱਤੇ (ਔਨ ਡਿਮਾਂਡ) ਉਪਲਬਧ ਕਿਹਾ ਜਾ ਸਕਦਾ ਹੈ?

ਉਹ ਕੰਟੈਂਟ ਜਿਸ ਨੂੰ ਕੋਈ ਯੂਜ਼ਰ (ਵਰਤੋਂਕਾਰ), ਸਬਸਕ੍ਰਾਈਬਰ ਜਾਂ ਦਰਸ਼ਕ ਆਪਣੀ ਮਰਜ਼ੀ ਦੇ ਸਮੇਂ ਚੁਣ ਕੇ ਉਸ ਤੱਕ ਪਹੁੰਚ ਕਰ ਸਕੇ; ਨੂੰ ਮੰਗ–ਉੱਤੇ ਉਪਲਬਧ ਕਿਹਾ ਜਾ ਸਕਦਾ ਹੈ।

## 11. ਆਮ ਵਰਤੋਂਕਾਰ (ਯੂਜ਼ਰਸ) ਜੋ ਵਿਭਿੰਨ ਹਾਲੀਆ ਘਟਨਾਵਾਂ ਬਾਰੇ ਵਿਚਾਰਾਂ ਸਮੇਤ ਕੋਈ ਅਜਿਹਾ ਕੰਟੈਂਟ ਇੰਟਰਨੈੱਟ ਉੱਤੇ ਪੋਸਟ ਕਰਦੇ ਹਨ, ਕੀ ਉਹ ਵੀ ਪ੍ਰਕਾਸ਼ਕ ਹਨ?

ਆਮ ਵਰਤੋਂਕਾਰ ਜੋ ਇੰਟਰਨੈੱਟ ਉੱਤੇ ਕੰਟੈਂਟ ਪੋਸਟ ਕਰਦੇ ਹਨ ਪਰ ਉਨ੍ਹਾਂ ਦੀ ਕੋਈ ਪ੍ਰਣਾਲੀਬੱਧ ਕਾਰੋਬਾਰੀ ਗਤੀਵਿਧੀ ਨਹੀਂ ਹੈ, ਉਹ ਖ਼ਬਰਾਂ ਤੇ ਚਲੰਤ ਮਾਮਲਿਆਂ ਦੇ ਕੰਟੈਂਟ ਦੇ ਪ੍ਰਕਾਸ਼ਕ ਦੀ ਪਰਿਭਾਸ਼ਾ ਅਧੀਨ ਨਹੀਂ ਆਉਂਦੇ।

## 12. ਕੀ ਇਹ ਨਿਯਮ ਸਿਰਫ਼ ਪ੍ਰਕਾਸ਼ਕਾਂ ਦੀਆਂ ਵੈੱਬਸਾਈਟਸ ਉੱਤੇ ਹੀ ਲਾਗੂ ਹੁੰਦੇ ਹਨ?

ਪ੍ਰਕਾਸ਼ਕਾਂ ਨੂੰ ਆਪਣੇ ਅਜਿਹੇ ਕਿਸੇ ਵੀ ਕੰਟੈਂਟ ਦੇ ਸਬੰਧ 'ਚ ਨਿਯਮਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਸ ਦਾ ਪਸਾਰ ਉਸ ਦੇ ਫੈਲਾਅ ਲਈ ਕਿਸੇ ਵੀ ਔਨਲਾਈਨ ਸਾਧਨ ਦੁਆਰਾ ਕੀਤਾ ਜਾ ਰਿਹਾ ਹੈ।

## ਸੈਕਸ਼ਨ III: ਖ਼ਬਰਾਂ ਤੇ ਚਲੰਤ ਮਾਮਲਿਆਂ ਦੇ ਪ੍ਰਕਾਸ਼ਕਾਂ ਲਈ ਨੀਤੀ ਜ਼ਾਬਤਾ (ਕੋਡ ਆਵ੍ ਐਥਿਕਸ)

### 13. ਡਿਜੀਟਲ ਖ਼ਬਰਾਂ ਦੇ ਪ੍ਰਕਾਸ਼ਕਾਂ ਲਈ ਨੀਤੀ ਜ਼ਾਬਤਾ (ਕੋਡ ਆਵ੍ ਐਥਿਕਸ) ਕੀ ਹੈ?

- ਭਾਰਤੀ ਪ੍ਰੈੱਸ ਕੌਂਸਲ ਦੇ ਜਰਨਲਿਸਟਿਕ ਕੰਡਕਟ ਦੇ ਨਿਯਮ https://presscouncil.nic.in/WriteReadData/Pdf/NORMSTWOZEROONEININE.pdf
- ਕੇਬਲ ਟੈਲੀਵਿਜ਼ਨ ਨੈੱਟਵਰਕਸ (ਰੈਗੂਲੇਸ਼ਨ) ਐਕਟ, 1995' ਦੇ ਸੈਕਸ਼ਨ 5 ਅਧੀਨ ਪ੍ਰੋਗਰਾਮ ਜ਼ਾਬਤਾ https://www.mib.gov.in/broadcasting/programme-and-advertising-codes
- ਜਿਹੜੇ ਕੰਟੈਂਟ ਉੱਤੇ ਕਿਸੇ ਕਾਨੂੰਨ ਅਧੀਨ ਉਸ ਖ਼ਾਸ ਸਮੇਂ ਲਈ ਪਾਬੰਦੀ ਲਗੀ ਹੋਵੇ, ਉਸ ਨੂੰ ਪ੍ਰਕਾਸ਼ਿਤ ਜਾਂ ਟ੍ਰਾਂਸਮਿਟ ਨਹੀਂ ਕੀਤਾ ਜਾਵੇਗਾ।

### 14. ਕੀ ਨੀਤੀ ਜ਼ਾਬਤਾ (ਕੋਡ ਆਵ੍ ਐਥਿਕਸ) ਰਾਹੀਂ ਖ਼ਬਰਾਂ ਦੇ ਪ੍ਰਕਾਸ਼ਕਾਂ ਉੱਤੇ ਕੋਈ ਨਵੀਆਂ ਪਾਬੰਦੀਆਂ ਲਗ ਗਈਆਂ ਹਨ?

ਡਿਜੀਟਲ ਖ਼ਬਰਾਂ ਦੇ ਪ੍ਰਕਾਸ਼ਕਾਂ ਲਈ ਨੀਤੀ ਜ਼ਾਬਤਾ (ਕੋਡ ਆਵ੍ ਐਥਿਕਸ) ਇਹ ਦੱਸਦਾ ਹੈ ਕਿ ਉਹ ਮੌਜੂਦਾ ਕਾਨੂੰਨਾਂ ਦੀ ਪਾਲਣਾ ਕਰਦੇ ਹਨ; ਕੋਈ ਨਵਾਂ ਕਾਨੂੰਨ ਜਾਂ ਰੈਗੂਲੇਸ਼ਨ ਨਿਰਧਾਰਿਤ ਨਹੀਂ ਕੀਤਾ ਗਿਆ ਹੈ। ਖ਼ਬਰਾਂ ਵਾਲੀਆਂ ਕੁਝ ਵੈੱਬਸਾਈਟਸ ਪਹਿਲਾਂ ਤੋਂ ਹੀ ਪ੍ਰਿੰਟ ਅਤੇ ਟੀਵੀ ਨਿਊਜ਼ ਮੀਡੀਆ ਦੇ ਨਿਯਮਾਂ ਦੀ ਪਾਲਣਾ ਕਰ ਰਹੀਆਂ ਹਨ, 'ਨੀਤੀ–ਜ਼ਾਬਤਾ' ਸਿਰਫ਼ ਇਸ ਨੂੰ ਇਸ ਪਰਿਪੇਖ ਵਿੱਚ ਰੱਖਦਾ ਹੈ ਕਿ ਡਿਜੀਟਲ ਖ਼ਬਰਾਂ ਜਰਨਲਿਸਟਿਕ ਕੰਡਕਟ ਦੇ ਨਿਯਮਾਂ (ਜੋ ਪ੍ਰਿੰਟ ਮੀਡੀਆ ਉੱਤੇ ਲਾਗੂ ਹਨ) ਅਤੇ 'ਕੇਬਲ ਟੈਲੀਵਿਜ਼ਨ ਨੈੱਟਵਰਕਸ ਰੈਗੂਲੇਸ਼ਨ ਐਕਟ' 'ਪ੍ਰੋਗਰਾਮ–ਜ਼ਾਬਤੇ' (ਜੋ ਟੀਵੀ ਉੱਤੇ ਲਾਗੂ ਹੈ) ਦੀ ਪਾਲਣਾ ਕਰਦੀਆਂ ਹਨ, ਇਸ ਤਰ੍ਹਾਂ ਨਿਊਜ਼ ਮੀਡੀਆ ਉਦਯੋਗ ਵਿੱਚ ਬਿਲਕੁਲ ਸੰਤੁਲਿਤ ਤਰੀਕੇ ਚਲ ਰਹੀਆਂ ਹਨ।

## ਡਿਜੀਟਲ ਮੀਡੀਆ ਐਥਿਕਸ ਕੋਡ

# ਲਾਭ ਅਤੇ ਨਤੀਜੇ

## ਡਿਜੀਟਲ ਖ਼ਬਰਾਂ ਦੇ ਪ੍ਰਕਾਸ਼ਕ



**ਟਿਕਾਊ ਵਿਕਾਸ**

ਪਾਰਦਰਸ਼ਤਾ ਰਾਹੀਂ ਮਿਆਰੀ ਪੱਤਰਕਾਰੀ

**ਸੰਤੁਲਿਤ ਪਹੁੰਚ**

ਔਨਲਾਈਨ ਤੇ ਔਫ਼ਲਾਈਨ ਖ਼ਬਰਾਂ ਲਈ ਇੱਕੋ ਜਿਹੇ ਸਿਧਾਂਤ



**ਪ੍ਰੈੱਸ ਦੀ ਆਜ਼ਾਦੀ**

ਸਰਕਾਰ ਤੱਕ ਨੇੜਤਾ

**ਗ਼ਲਤ ਜਾਣਕਾਰੀ 'ਤੇ ਰੋਕ**

ਡਿਜੀਟਲ ਮੀਡੀਆ 'ਤੇ ਜਾਅਲੀ ਖ਼ਬਰਾਂ ਘਟਾਉਣਾ

## ਸੈਕਸ਼ਨ IV: ਔਨਲਾਈਨ ਤਿਆਰ ਕੀਤੇ ਕੰਟੈਂਟ (ਓਟੀਟੀ ਪਲੈਟਫਾਰਮਸ) ਦੇ ਪ੍ਰਕਾਸ਼ਕਾਂ ਲਈ 'ਨੀਤੀ–ਜ਼ਾਬਤਾ' (ਕੋਡ ਆਵ੍ ਐਥਿਕਸ)

### 15. ਓਟੀਟੀ ਪਲੈਟਫਾਰਮਸ ਲਈ 'ਨੀਤੀ–ਜ਼ਾਬਤਾ' (ਕੋਡ ਆਵ੍ ਐਥਿਕਸ) ਕੀ ਹੈ?

ਓਟੀਟੀ ਪਲੈਟਫਾਰਮਾਂ ਲਈ 'ਨੀਤੀ–ਜ਼ਾਬਤਾ' (ਕੋਡ ਆਵ੍ ਐਥਿਕਸ) ਵਿੱਚ ਨਿਮਨਲਿਖਤ ਤੱਤ ਸ਼ਾਮਲ ਹਨ:

ਪਾਬੰਦੀਸ਼ੁਦਾ ਕੰਟੈਂਟ ਅਤੇ ਕੋਈ ਅਜਿਹਾ ਕੰਟੈਂਟ, ਜਿਸ ਲਈ ਪਲੈਟਫਾਰਮਸ ਨੂੰ ਖ਼ਾਸ ਸਾਵਧਾਨੀ ਵਰਤਣ ਤੇ ਅਖ਼ਤਿਆਰ ਦਾ ਖ਼ਿਆਲ ਰੱਖਣ ਦੀ ਜ਼ਰੂਰਤ ਹੈ, ਨਾਲ ਸਬੰਧਿਤ ਆਮ ਸਿਧਾਂਤ

- ਵਿਭਿੰਨ ਉਮਰਾਂ ਉੱਤੇ ਅਧਾਰਿਤ ਵਰਗਾਂ ਅਨੁਸਾਰ ਕੰਟੈਂਟ ਵਰਗੀਕਰਣ ਅਤੇ ਕੰਟੈਂਟ ਦੀ ਦਰਜਾਬੰਦੀ
- ਕੰਟੈਂਟ ਵਰਗੀਕਰਣ ਤੇ ਕੰਟੈਂਟ ਦੀ ਵਿਆਖਿਆ ਬਾਰੇ ਜਾਣਕਾਰੀ
- ਉਮਰ ਦੇ ਹਿਸਾਬ ਨਾਲ ਗੇਟਿੰਗ, ਮਾਪਿਆਂ ਦੇ ਲੌਕਸ ਤੇ ਬੱਚਿਆਂ ਤੱਕ ਖ਼ਾਸ ਕੰਟੈਂਟ ਦੀ ਪਹੁੰਚ ਦੀ ਪਾਬੰਦੀ ਲਈ ਉਮਰ ਦੀ ਪੁਸ਼ਟੀ ਦਾ ਤੰਤਰ
- ਦਿੱਵਯਾਂਗ ਵਿਅਕਤੀਆਂ ਲਈ ਕੰਟੈਂਟ ਦੀ ਪਹੁੰਚਯੋਗਤਾ ਵਿੱਚ ਸੁਧਾਰ ਲਈ ਉਪਾਅ

**16. 'ਨੀਤੀ–ਜ਼ਾਬਤਾ' (ਕੋਡ ਆਵ੍ ਐਥਿਕਸ) ਦੇ ਹਿੱਸੇ ਵਜੋਂ ਓਟੀਟੀ ਪਲੈਟਫਾਰਮਸ ਵੱਲੋਂ ਕਿਹੜੇ ਆਮ ਸਿਧਾਂਤਾਂ ਦਾ ਖ਼ਿਆਲ ਰੱਖਣ ਦੀ ਜ਼ਰੂਰਤ ਹੈ?**

'ਨੀਤੀ–ਜ਼ਾਬਤਾ' (ਕੋਡ ਆਵ੍ ਐਥਿਕਸ) ਦੇ ਹਿੱਸੇ ਵਜੋਂ ਓਟੀਟੀ ਪਲੈਟਫਾਰਮਸ ਵੱਲੋਂ ਇਨ੍ਹਾਂ ਆਮ ਸਿਧਾਂਤਾਂ ਦਾ ਖ਼ਿਆਲ ਰੱਖਣਾ ਹੋਵੇਗਾ:

- ਅਜਿਹਾ ਕੋਈ ਕੰਟੈਂਟ ਪ੍ਰਕਾਸ਼ਿਤ ਨਹੀਂ ਕਰਨਾ, ਜਿਸ ਉੱਤੇ ਕਿਸੇ ਕਾਨੂੰਨ ਅਧੀਨ ਪਾਬੰਦੀ ਲਾਈ ਗਈ ਹੋਵੇ ਜਾਂ ਸਮਰੱਥ ਅਧਿਕਾਰ–ਖੇਤਰ ਦੀ ਕਿਸੇ ਅਦਾਲਤ ਵੱਲੋਂ ਕੋਈ ਪਾਬੰਦੀ ਲਾਈ ਗਈ ਹੋਵੇ।
- ਕਿਸੇ ਅਜਿਹੇ ਕੰਟੈਂਟ ਬਾਰੇ ਖ਼ਾਸ ਸਾਵਧਾਨੀ ਤੇ ਅਖ਼ਤਿਆਰ ਦਾ ਖ਼ਿਆਲ ਰੱਖਣਾ, ਜਿਨ੍ਹਾਂ ਨਾਲ ਬਾਅਦ 'ਚ ਕੋਈ ਗੁੰਝਲਾਂ ਪੈ ਸਕਦੀਆਂ ਹੋਣ ਅਤੇ ਜਿਸ ਨਾਲ ਭਾਰਤ ਦੀ ਪ੍ਰਭੂਸੱਤਾ ਤੇ ਅਖੰਡਤਾ ਉੱਤੇ ਮਾੜਾ ਅਸਰ ਪੈਂਦਾ ਹੋਵੇ; ਦੇਸ਼ ਦੀ ਸੁਰੱਖਿਆ ਖ਼ਤਰੇ ਜਾਂ ਜੋਖਮ ਵਿੱਚ ਪੈਂਦੀ ਹੋਵੇ; ਜੋ ਹੋਰਨਾਂ ਦੇਸ਼ਾਂ ਨਾਲ ਭਾਰਤ ਦੇ ਦੋਸਤਾਨਾ ਸਬੰਧਾਂ ਲਈ ਘਾਤਕ ਹੋਵੇ; ਜਾਂ ਜਿਸ ਨਾਲ ਹਿੰਸਾ ਭੜਕਣ ਜਾਂ ਜਨਤਕ ਵਿਵਸਥਾ ਦਾ ਰੱਖ–ਰਖਾਅ ਭੰਗ ਹੋ ਸਕਦਾ ਹੋਵੇ।
- ਭਾਰਤ ਦੇ ਬਹੁ–ਨਸਲੀ ਅਤੇ ਵਿਭਿੰਨ ਧਾਰਮਿਕ ਸੰਦਰਭ ਦਾ ਖ਼ਿਆਲ ਰੱਖਿਆ ਜਾਵੇ ਅਤੇ ਅਜਿਹੇ ਵੇਲੇ ਸਾਵਧਾਨੀ ਵਰਤੀ ਜਾਵੇ ਤੇ ਅਖ਼ਤਿਆਰ ਦਾ ਖ਼ਿਆਲ ਰੱਖਿਆ ਜਾਵੇ, ਜਦੋਂ ਵੀ ਕਦੇ ਕਿਸੇ ਨਸਲੀ/ਜਾਤੀਗਤ ਜਾਂ ਧਾਰਮਿਕ ਸਮੂਹ ਦੀਆਂ ਗਤੀਵਿਧੀਆਂ, ਸਿਧਾਂਤ, ਅਭਿਆਸ ਜਾਂ ਉਨ੍ਹਾਂ ਦੇ ਵਿਚਾਰਾਂ ਬਾਰੇ ਕੋਈ ਕੰਟੈਂਟ ਦੇਣਾ ਹੋਵੇ।

**17. ਕੰਟੈਂਟ ਦੇ ਉਹ ਕਿਹੜੇ ਵਿਭਿੰਨ ਤੱਤ ਹਨ, ਜਿਨ੍ਹਾਂ ਨੂੰ ਔਨਲਾਈਨ ਤਿਆਰ ਕੀਤੇ ਕੰਟੈਂਟ ਨਾਲ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ?**

ਓਟੀਟੀ ਪਲੈਟਫਾਰਮਸ ਨੂੰ ਜ਼ਰੂਰ ਹੀ ਉਮਰ–ਅਧਾਰਿਤ ਕੰਟੈਂਟ ਦੀ ਦਰਜਾਬੰਦੀ ਅਤੇ ਹਰੇਕ ਕੰਟੈਂਟ ਜਾਂ ਪ੍ਰੋਗਰਾਮ, ਵੈੱਬ–ਸੀਰੀਜ਼ ਆਦਿ ਦੀ ਵਿਆਖਿਆ ਪ੍ਰਦਰਸ਼ਿਤ ਕਰਨੀ ਹੋਵੇਗੀ। ਜੇ ਲਾਗੂ ਹੁੰਦਾ ਹੋਵੇ, ਤਾਂ ਪ੍ਰਕਾਸ਼ਕ ਨੂੰ ਪ੍ਰੋਗਰਾਮ ਦੀ ਸ਼ੁਰੂਆਤ 'ਤੇ ਦਰਸ਼ਕ ਦੇ ਅਖ਼ਤਿਆਰ ਬਾਰੇ ਸਲਾਹ ਵੀ ਪ੍ਰਦਰਸ਼ਿਤ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਜੋਖਮ ਉੱਤੇ ਉਸ ਨੂੰ ਦੇਖੇ ਜਾਂ ਨਾ ਦੇਖੇ।

**18. ਪੰਜ–ਪੱਧਰੀ ਉਮਰ ਅਧਾਰਿਤ ਵਰਗੀਕਰਣ ਮਾਪਦੰਡ ਦੀ ਵਰਤੋਂ ਲਈ ਕੀ ਅਧਾਰ ਹੈ? ਇਸ ਨਾਲ ਖਪਤਕਾਰਾਂ ਦੀ ਮਦਦ ਕਿਵੇਂ ਹੁੰਦੀ ਹੈ?**

ਅੰਤਰਰਾਸ਼ਟਰੀ ਪਿਰਤ ਦੇ ਅਧਾਰ ਉੱਤੇ ਉਮਰ–ਅਧਾਰਿਤ ਵਰਗੀਕਰਣ ਮਾਪਦੰਡ ਦਾ ਉਦੇਸ਼ ਬੱਚਿਆਂ ਨੂੰ ਸੰਭਾਵੀ ਸੰਵੇਦਨਸ਼ੀਲ ਜਾਂ ਨੁਕਸਾਨਦੇਹ ਕੰਟੈਂਟ ਤੋਂ ਸੁਰੱਖਿਅਤ ਰੱਖਣਾ ਹੈ। ਸਿੱਖਿਆ ਅਤੇ ਮੀਡੀਆ ਕਿਉਂਕਿ ਬੱਚਿਆਂ ਦੇ ਮਨਾਂ ਨੂੰ ਇੱਕ ਆਕਾਰ ਦੇਣ ਤੇ ਉਨ੍ਹਾਂ ਨੂੰ ਵਿਕਸਿਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ, ਇਸ ਲਈ ਪੰਜ ਉਮਰ–ਅਧਾਰਿਤ ਵਰਗ ਕੁਝ ਕੰਟੈਂਟਆਂ ਬਾਰੇ ਜਾਣਕਾਰ ਫ਼ੈਸਲੇ ਲੈਣ ਵਿੱਚ ਮਾਪਿਆਂ ਦੀ ਮਦਦ ਕਰਨਗੇ ਕਿ ਉਹ ਬੱਚਿਆਂ ਨੂੰ ਉਹ ਦੇਖਣ ਦੀ ਇਜਾਜ਼ਤ ਦੇਣ ਜਾਂ ਨਾ।

**19. ਉਹ ਉਮਰ–ਅਧਾਰਿਤ ਕਿਹੜੇ ਵਿਭਿੰਨ ਵਰਗ ਹਨ, ਜਿਨ੍ਹਾਂ ਵਿੱਚ ਔਨਲਾਈਨ ਤਿਆਰ ਕੀਤੇ ਕੰਟੈਂਟ ਨੂੰ ਵਰਗੀਕ੍ਰਿਤ ਕੀਤਾ ਜਾਵੇਗਾ?**

ਔਨਲਾਈਨ ਤਿਆਰ ਕੀਤੇ ਕੰਟੈਂਟ ਨੂੰ ਨਿਮਨਲਿਖਤ ਉਮਰ–ਅਧਾਰਿਤ ਦਰਜਾਬੰਦੀ ਦੇ ਵਰਗਾਂ ਵਿੱਚ ਵਰਗੀਕ੍ਰਿਤ ਕੀਤਾ ਜਾਵੇਗਾ:

| | ਕੰਟੈਂਟ ਦੀ ਪ੍ਰਕਿਰਤੀ/ਕਿਸਮ (ਕਿਸ ਲਈ ਢੁਕਵਾਂ) | ਵਰਗੀਕਰਣ |
|---|---|---|
| 1 | ਪਾਬੰਦੀ–ਰਹਿਤ ਪਹੁੰਚ, ਭਾਵੇਂ ਕੋਈ ਵੀ ਉਮਰ ਹੋਵੇ ਤੇ ਪਰਿਵਾਰ ਨਾਲ ਬੈਠ ਕੇ ਦੇਖਣ ਵਾਲਾ ਹੈ | U |
| 2 | 7 ਸਾਲ ਤੇ ਵੱਧ ਦੀ ਉਮਰ ਵਾਲੇ ਵਿਅਕਤੀਆਂ ਲਈ ਅਤੇ 7 ਸਾਲ ਤੋਂ ਘੱਟ ਦੇ ਵਿਅਕਤੀ ਵੱਲੋਂ ਮਾਪਿਆਂ ਦੇ ਮਾਰਗ–ਦਰਸ਼ਨ ਨਾਲ ਦੇਖਿਆ ਜਾ ਸਕਦਾ ਹੈ | U/A 7+ |
| 3 | 13 ਸਾਲ ਤੇ ਵੱਧ ਉਮਰ ਦੇ ਵਿਅਕਤੀਆਂ ਲਈ ਅਤੇ 13 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਵੱਲੋਂ ਮਾਪਿਆਂ ਦੇ ਮਾਰਗ–ਦਰਸ਼ਨ ਨਾਲ ਦੇਖਿਆ ਜਾ ਸਕਦਾ ਹੈ | U/A 13+ |
| 4 | 16 ਸਾਲ ਤੇ ਵੱਧ ਉਮਰ ਦੇ ਵਿਅਕਤੀਆਂ ਲਈ ਅਤੇ 16 ਸਾਲ ਦੀ ਉਮਰ ਦਾ ਕੋਈ ਵਿਅਕਤੀ ਮਾਪਿਆਂ ਦੇ ਮਾਰਗ–ਦਰਸ਼ਨ ਨਾਲ ਦੇਖ ਸਕਦਾ ਹੈ | U/A 16+ |
| 5 | ਸਿਰਫ਼ ਬਾਲਗ਼ਾਂ ਲਈ ਹੀ ਸੀਮਤ ਹੈ | A |

## 20. ਕੀ ਓਟੀਟੀ ਪਲੈਟਫਾਰਮਸ ਉੱਤੇ ਕੋਈ ਸੈਂਸਰਸ਼ਿਪ ਹੈ?

ਇਨ੍ਹਾਂ ਨਿਯਮਾਂ 'ਚ ਸੈਂਸਰਸ਼ਿਪ ਦੀਆਂ ਕੋਈ ਵਿਵਸਥਾਵਾਂ ਨਹੀਂ ਹਨ। ਓਟੀਟੀ ਪਲੈਟਫਾਰਮਸ ਦੁਆਰਾ ਕੰਟੈਂਟ ਖ਼ੁਦ ਸੈਲਫ-ਕਲਾਸੀਫਾਈਡ ਕੀਤਾ ਜਾਵੇਗਾ।

## 21. ਉਹ ਕਿਹੜੇ ਤੱਤ ਹਨ, ਜਿਨ੍ਹਾਂ ਨੂੰ ਕੰਟੈਂਟ ਦੇ ਵਰਗੀਕਰਣ ਲਈ ਵਿਚਾਰਿਆ ਜਾਂਦਾ ਹੈ?

ਕੰਟੈਂਟ ਦਾ ਵਰਗੀਕਰਣ ਇਨ੍ਹਾਂ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ i) ਥੀਮਸ ਤੇ ਸੰਦੇਸ਼; ii) ਹਿੰਸਾ; iii) ਨਗਨਤਾ; iv) ਸੈਕਸ; v) ਭਾਸ਼ਾ; vi) ਨਸ਼ੇ ਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ; ਅਤੇ vii) ਡਰਾਉਣਾ। ਇਹ ਨਿਯਮਾਂ ਦੀ ਅਨਸੂਚੀ ਵਿੱਚ ਵਰਣਿਤ ਹਨ।

## 22. ਪ੍ਰੋਗਰਾਮ ਦੇ ਕੰਟੈਂਟ ਦੀ ਵਿਆਖਿਆ ਵਿੱਚ ਕਿਹੜੇ ਵੇਰਵੇ ਦਰਜ ਕਰਨੇ ਹੋਣਗੇ?

ਕੰਟੈਂਟ ਦੀ ਵਿਆਖਿਆ ਵਿੱਚ ਕਿਸੇ ਫ਼ਿਲਮ, ਵੈੱਬ–ਸੀਰੀਜ਼ ਆਦਿ ਦੇ ਵਿਭਿੰਨ ਪੱਖਾਂ ਦਾ ਵਰਣਨ ਕਰਨਾ ਚਾਹੀਦਾ ਹੈ। ਇਹ ਪੱਖ ਗ਼ੈਰ–ਕਾਨੂੰਨੀ ਜਾਂ ਨੁਕਸਾਨਦੇਹ ਸਮੱਗਰੀਆਂ, ਨਕਲ ਵਾਲਾ ਵਿਵਹਾਰ, ਨਗਨਤਾ, ਭਾਸ਼ਾ, ਸੈਕਸ, ਹਿੰਸਾ, ਡਰ, ਧਮਕੀ, ਡਰਾਉਣਾ ਆਦਿ ਦਰਸਾਏ ਜਾਣ ਨਾਲ ਸਬੰਧਿਤ ਹੋ ਸਕਦੇ ਹਨ।

## 23. ਇਹ ਕਿਵੇਂ ਯਕੀਨੀ ਹੋਵੇਗਾ ਕਿ ਬੱਚੇ ਕੋਈ ਸੰਭਾਵੀ ਸੰਵੇਦਨਸ਼ੀਲ ਕੰਟੈਂਟ ਨਾ ਵੇਖਣ?

'U/A 13+' ਜਾਂ ਇਸ ਤੋਂ ਉੱਚ ਦਰਜੇ ਦੇ ਕੰਟੈਂਟ ਲਈ, ਓਟੀਟੀ ਪਲੈਟਫਾਰਮ ਵੱਲੋਂ 'ਪੇਰੈਂਟਲ ਲੌਕ' ਜਿਹਾ ਇੱਕ 'ਪਹੁੰਚ ਕੰਟਰੋਲ ਤੰਤਰ' ਲਾਗੂ ਕਰੇਗਾ। 'ਏ' ਦਰਜਾਬੰਦੀ ਵਾਲੇ ਕੰਟੈਂਟ ਲਈ, ਦਰਸ਼ਕਾਂ ਵਾਸਤੇ ਉਮਰ ਦੀ ਪੁਸ਼ਟੀ ਹਿਤ ਇੱਕ ਭਰੋਸੇਯੋਗ ਤੰਤਰ ਲਾਗੂ ਕੀਤਾ ਜਾਵੇਗਾ।

## 24. ਭਾਰਤ ਵਿੱਚ ਨਿਯਮ ਓਟੀਟੀ ਉਦਯੋਗ ਦੇ ਵਿਕਾਸ ਨੂੰ ਕਿਵੇਂ ਉਤਸ਼ਾਹਿਤ ਕਰਦੇ ਹਨ?

ਇਹ ਨਿਯਮ ਡਿਜੀਟਲ ਮੀਡੀਆ ਈਕੋਸਿਸਟਮ ਵਿੱਚ ਹੋਰ ਤਰੱਕੀ ਲਿਆਉਣਗੇ। ਇੱਕ ਸਥਿਰ ਸੰਸਥਾਗਤ ਤੰਤਰ ਨਾਲ ਓਟੀਟੀ ਖੇਤਰ ਵਿੱਚ ਨਿਵੇਸ਼

ਨੂੰ ਖਿੱਚਣ, ਨੌਕਰੀਆਂ ਪੈਦਾ ਕਰਨ ਤੇ ਖ਼ਾਸ ਤੌਰ ਉੱਤੇ ਇਸ ਖੇਤਰ ‘ਚ ਤਰੱਕੀ ਲਿਆਉਣ ਅਤੇ ਆਮ ਤੌਰ ਉੱਤੇ ਚੈਂਪੀਅਨ ਆਡੀਓ–ਵਿਜ਼ੂਅਲ ਸੇਵਾ ਖੇਤਰ ਵਿੱਚ ਮਦਦ ਮਿਲੇਗੀ।

## 25. ਪ੍ਰਸਤਾਵਿਤ ਨੀਤੀ–ਜ਼ਾਬਤਾ (ਕੋਡ ਆਵ੍ ਐਥਿਕਸ) ਕਲਾਕਾਰ ਦੀ ਆਜ਼ਾਦੀ ਤੇ ਸਿਰਜਣਾਤਮਕਤਾ ਨੂੰ ਕਿਵੇਂ ਉਤਸ਼ਾਹਿਤ ਕਰਦੇ ਹਨ?

ਸਰਕਾਰ ਕਲਾਕਾਰ ਦੀ ਆਜ਼ਾਦੀ ਤੇ ਖੁੱਲ੍ਹ ਕੇ ਬੋਲਣ ਦੇ ਅਧਿਕਾਰ ਤੇ ਵਿਚਾਰ ਪ੍ਰਗਟਾਉਣ ਪ੍ਰਤੀ ਪ੍ਰਤੀਬੱਧ ਹੈ। ਇਨ੍ਹਾਂ ਨਿਯਮਾਂ ਵਿੱਚ ‘ਸੈਂਟਰਲ ਬੋਰਡ ਆਵ੍ ਫ਼ਿਲਮ ਸਰਟੀਫ਼ਿਕੇਸ਼ਨ’ ਦੀ ਕਿਸੇ ਸ਼ਮੂਲੀਅਤ ਤੋਂ ਬਗ਼ੈਰ ਓਟੀਟੀ ਪਲੈਟਫਾਰਮਸ ਦੁਆਰਾ ਕੰਟੈਂਟ ਦੇ ਸੈਲਫ-ਕਲਾਸੀਫਿਕੇਸ਼ਨ ਦੀ ਵਿਵਸਥਾ ਹੈ। ਇਸ ਸਬੰਧੀ ਇਨ੍ਹਾਂ ਨਿਯਮਾਂ ਵਿੱਚ ਪ੍ਰਮਾਣਿਕਤਾ (ਸਰਟੀਫ਼ਿਕੇਸ਼ਨ) ਲਈ ਵਿਆਪਕ ਦਿਸ਼ਾ–ਨਿਰਦੇਸ਼ਾਂ ਦੀ ਵਿਵਸਥਾ ਵੀ ਦਿੱਤੀ ਗਈ ਹੈ। ਇਸ ਲਈ, ਇਹ ਨਿਯਮ ਕਲਾਕਾਰ ਦੇ ਸਿਰਜਣਾਤਮਕ ਪ੍ਰਗਟਾਵੇ ਤੇ ਮਨੋਰੰਜਨ ਖੇਤਰ ਵਿੱਚ ਮਿਆਰੀ ਕੰਟੈਂਟ ਦੇ ਵਿਕਾਸ ਦੇ ਹੋਰ ਮੌਕੇ ਪੈਦਾ ਕਰਨਗੇ।

## 26. ਓਟੀਟੀ ਪਲੈਟਫਾਰਮਸ ਲਈ ਨਿਯਮ ਖਪਤਕਾਰ ਦੀ ਪਸੰਦ ਨੂੰ ਕਿਵੇਂ ਉਤਸ਼ਾਹਿਤ ਕਰਦੇ ਹਨ?

ਇਹ ਨਿਯਮ ਦਰਸ਼ਕਾਂ ਤੇ ਖਪਤਕਾਰਾਂ ਨੂੰ ਸਸ਼ਕਤ ਬਣਾਉਂਦੇ ਹਨ। ਇਹ ਨਿਯਮ ਓਟੀਟੀ ਮੰਚਾਂ ਦੁਆਰਾ ਰੇਟਿੰਗ ਦੇ ਪ੍ਰਦਰਸ਼ਨ ਅਤੇ ਕੰਟੈਂਟ ਦੀ ਵਿਆਖਿਆ ਨਾਲ ਸੈਲਫ-ਕਲਾਸੀਫਿਕੇਸ਼ਨ ਦਾ ਪ੍ਰਸਤਾਵ ਰੱਖਦੇ ਹਨ। ਇਹ ਢਾਂਚਾ ਦਰਸ਼ਕਾਂ ਨੂੰ ਉਸ ਕੰਟੈਂਟ ਬਾਰੇ ਜਾਣਕਾਰ ਫ਼ੈਸਲਾ ਲੈਣ ਦੇ ਯੋਗ ਬਣਾਉਂਦਾ ਹੈ ਜਿਸ ਨੂੰ ਉਨ੍ਹਾਂ ਦੇਖਣ ਲਈ ਚੁਣਿਆ ਹੈ। ਖ਼ਾਸ ਕੰਟੈਂਟ ਲਈ ਪਹੁੰਚ ਕੰਟਰੋਲ ਤੇ ਉਮਰ ਦੀ ਪੁਸ਼ਟੀ ਦੇ ਤੰਤਰ ਵੀ ਬੱਚਿਆਂ ਨੂੰ ਸੰਭਾਵੀ ਨੁਕਸਾਨਦੇਹ ਕੰਟੈਂਟ ਤੋਂ ਸੁਰੱਖਿਅਤ ਰੱਖਣ ਵਿੱਚ ਮਾਪਿਆਂ ਦੀ ਮਦਦ ਕਰਨਗੇ।

**ਸੈਕਸ਼ਨ V: ਸ਼ਿਕਾਇਤ ਨਿਵਾਰਣ ਤੰਤਰ**

**27. ਡਿਜੀਟਲ ਮੀਡੀਆ 'ਤੇ ਕੰਟੈਂਟ ਨਾਲ ਸਬੰਧਿਤ ਜਨਤਕ ਸ਼ਿਕਾਇਤਾਂ ਨਾਲ ਨਿਪਟਣ ਲਈ ਸੰਸਥਾਗਤ ਤੰਤਰ ਦੇ ਤਿੰਨ ਪੱਧਰ ਕਿਹੜੇ ਹਨ?**

ਜਨਤਕ ਸ਼ਿਕਾਇਤਾਂ ਦਾ ਨਿਪਟਰਾ ਇੱਕ ਸਮਾਂ–ਬੱਧ ਤਰੀਕੇ ਨਾਲ ਕੀਤਾ ਜਾਵੇਗਾ। ਇਸ ਉਦੇਸ਼ ਲਈ ਤਿੰਨ–ਪੜਾਵੀ ਢਾਂਚਾ ਸਥਾਪਿਤ ਕਰਨ ਦੇ ਨਿਯਮ ਇਸ ਪ੍ਰਕਾਰ ਹਨ:–

- ਪੱਧਰ I – ਪ੍ਰਕਾਸ਼ਕਾਂ ਦੁਆਰਾ ਸੈਲਫ-ਰੈਗੂਲੇਸ਼ਨ
- ਪੱਧਰ II – ਪ੍ਰਕਾਸ਼ਕਾਂ ਦੀਆਂ ਸੈਲਫ-ਰੈਗੂਲੇਟਰੀ ਸੰਸਥਾਵਾਂ ਦੁਆਰਾ ਸੈਲਫ-ਰੈਗੂਲੇਸ਼ਨ
- ਪੱਧਰ III – ਕੇਂਦਰ ਸਰਕਾਰ ਦੁਆਰਾ ਨਿਗਰਾਨੀ ਤੰਤਰ (ਓਵਰਸਾਈਟ ਮੈਕੇਨਿਜ਼ਮ)

**28. ਸੈਲਫ-ਰੈਗੂਲੇਟਰੀ ਮੈਕੇਨਿਜ਼ਮ ਵਿੱਚ ਪ੍ਰਕਾਸ਼ਕਾਂ ਨੂੰ ਕਿਹੜੀ ਆਜ਼ਾਦੀ ਹੈ? ਕੀ ਸਰਕਾਰ ਇਸ ਤੰਤਰ ਨੂੰ ਕੰਟਰੋਲ ਕਰਦੀ ਹੈ?**

ਸੰਸਥਾਗਤ ਤੰਤਰ; ਸੈਲਫ-ਰੈਗੂਲੇਸ਼ਨ ਦੇ ਦੋ ਪੱਧਰ ਸਥਾਪਿਤ ਕਰਦਾ ਹੈ – ਪੱਧਰ I ਪ੍ਰਕਾਸ਼ਕ ਹੋਣ ਦੇ ਨਾਤੇ ਅਤੇ ਪੱਧਰ II ਸੈਲਫ-ਰੈਗੂਲੇਟਰੀ ਸੰਸਥਾ ਵਜੋਂ। ਸੈਲਫ-ਰੈਗੂਲੇਟਰੀ ਸੰਸਥਾ; ਪ੍ਰਕਾਸ਼ਕਾਂ ਦੇ ਖ਼ੁਦ ਵੱਲੋਂ ਕਾਇਮ ਕੀਤੀ ਜਾਣ ਵਾਲੀ ਉਦਯੋਗ ਦੀ ਸੰਸਥਾ ਹੋਵੇਗੀ। ਸੁਪਰੀਮ ਕੋਰਟ/ਹਾਈ ਕੋਰਟ ਦਾ ਕੋਈ ਸੇਵਾ–ਮੁਕਤ ਜੱਜ ਜਾਂ ਸਬੰਧਿਤ ਖੇਤਰ ਦੇ ਉਦਯੋਗ ਦੀ ਕੋਈ ਉੱਘੀ ਸ਼ਖ਼ਸੀਅਤ ਚੇਅਰਪਰਸਨ ਵਜੋਂ ਇਸ ਦੀ ਅਗਵਾਈ ਕਰਨਗੇ, ਇਹ ਇੱਕ ਪ੍ਰਤਿਸ਼ਠਿਤ ਤੇ ਉੱਚ–ਪਾਏ ਦੀ ਸੰਸਥਾ ਹੋਵੇਗੀ। ਸਰਕਾਰ ਦੇ ਇੱਕ ਓਵਰਸਾਈਟ ਮੈਕੇਨਿਜ਼ਮ ਰਾਹੀਂ ਤੀਜੇ ਪੱਧਰ ਉੱਤੇ ਅਜਿਹੇ ਮਾਮਲਿਆਂ ਵਿੱਚ ਮਾਮੂਲੀ ਭੂਮਿਕਾ ਹੋਵੇਗੀ; ਜੋ ਪਹਿਲੇ ਦੋ ਪੱਧਰਾਂ ਉੱਤੇ ਅਣਸੁਲਝੇ ਰਹਿ ਗਏ ਹੋਣਗੇ।

## 29. ਸ਼ਿਕਾਇਤਾਂ ਦੇ ਨਿਵਾਰਣ ਲਈ ਪ੍ਰਕਾਸ਼ਕ (ਪੱਧਰ I) ਦੀ ਭੂਮਿਕਾ ਕੀ ਹੋਵੇਗੀ?

ਹਰੇਕ ਪ੍ਰਕਾਸ਼ਕ ਸ਼ਿਕਾਇਤ ਨਿਵਾਰਣ ਲਈ ਇੱਕ ਪ੍ਰਬੰਧ ਸਥਾਪਿਤ ਕਰੇਗਾ ਤੇ ਭਾਰਤ 'ਚ ਸਥਿਤ ਇੱਕ 'ਸ਼ਿਕਾਇਤ ਅਧਿਕਾਰੀ' (ਗ੍ਰੀਵੈਂਸ ਅਫ਼ਸਰ) ਨਿਯੁਕਤ ਕਰੇਗਾ, ਜੋ ਸ਼ਿਕਾਇਤਾਂ ਪ੍ਰਾਪਤ ਕਰ ਕੇ ਸਮਾਂ–ਬੱਧ ਤਰੀਕੇ ਨਾਲ ਉਨ੍ਹਾਂ ਦਾ ਨਿਵਾਰਣ ਕਰੇਗਾ। ਪ੍ਰਕਾਸ਼ਕ ਵੱਲੋਂ ਸ਼ਿਕਾਇਤ ਨਿਵਾਰਣ ਤੰਤਰ ਦੇ ਵੇਰਵੇ ਵੈੱਬਸਾਈਟ ਜਾਂ ਇੰਟਰਫ਼ੇਸ ਉੱਤੇ ਕਿਸੇ ਉਚਿਤ ਸਥਾਨ ਉੱਤੇ ਪ੍ਰਦਰਸ਼ਿਤ ਕੀਤੇ ਜਾਣਗੇ। ਹਰੇਕ ਪ੍ਰਕਾਸ਼ਕ ਲਈ ਇੱਕ ਸੈਲਫ-ਰੈਗੂਲੇਟਰੀ ਸੰਸਥਾ ਦਾ ਮੈਂਬਰ ਬਣਨ ਦੀ ਜ਼ਰੂਰਤ ਵੀ ਹੋਵੇਗੀ।

## 30. ਪ੍ਰਕਾਸ਼ਕ ਨੂੰ ਕੋਈ ਸ਼ਿਕਾਇਤ ਪ੍ਰਾਪਤ ਹੋਣ ਦੇ ਕਿੰਨੇ ਸਮੇਂ ਅੰਦਰ ਫ਼ੈਸਲਾ ਲੈਣਾ ਚਾਹੀਦਾ ਹੈ?

ਪ੍ਰਕਾਸ਼ਕ ਨੂੰ ਸ਼ਿਕਾਇਤ–ਪ੍ਰਾਪਤੀ ਦੇ 15 ਦਿਨਾਂ ਅੰਦਰ ਫ਼ੈਸਲਾ ਦੱਸਣਾ ਚਾਹੀਦਾ ਹੈ।

## 31. ਕੀ ਸ਼ਿਕਾਇਤਕਰਤਾ ਆਪਣੀ ਸ਼ਿਕਾਇਤ ਬਾਰੇ ਪ੍ਰਕਾਸ਼ਕ ਦੁਆਰਾ ਲਏ ਫ਼ੈਸਲੇ ਵਿਰੁੱਧ ਕੋਈ ਅਪੀਲ ਕਰ ਸਕਦਾ ਹੈ?

ਜੀ ਹਾਂ, ਸ਼ਿਕਾਇਤਕਰਤਾ ਪ੍ਰਕਾਸ਼ਕ ਦੇ ਫ਼ੈਸਲੇ ਵਿਰੁੱਧ ਉਸ ਸੈਲਫ-ਰੈਗੂਲੇਟਰੀ ਸੰਸਥਾ ਕੋਲ ਅਪੀਲ ਕਰ ਸਕਦਾ ਹੈ, ਪ੍ਰਕਾਸ਼ਕ ਜਿਸ ਦਾ ਮੈਂਬਰ ਹੈ। ਅਜਿਹੀ ਅਪੀਲ; ਫ਼ੈਸਲਾ ਮਿਲਣ ਦੇ 15 ਦਿਨਾਂ ਅੰਦਰ ਕੀਤੀ ਜਾ ਸਕਦੀ ਹੈ।

## 32. ਕੀ ਵਾਪਰਦਾ ਹੈ, ਜੇ ਪ੍ਰਕਾਸ਼ਕ 15 ਦਿਨਾਂ ਅੰਦਰ ਜਵਾਬ ਨਹੀਂ ਦਿੰਦਾ?

ਜੇ ਪ੍ਰਕਾਸ਼ਕ 15 ਦਿਨਾਂ ਅੰਦਰ ਕੋਈ ਜਵਾਬ ਨਹੀਂ ਦਿੰਦਾ, ਤਾਂ ਇਹ ਮਾਮਲਾ ਸਿੱਧਾ ਉਸ ਸੈਲਫ-ਰੈਗੂਲੇਟਰੀ ਸੰਸਥਾ ਕੋਲ ਲਿਜਾਇਆ ਜਾ ਸਕਦਾ ਹੈ, ਪ੍ਰਕਾਸ਼ਕ ਜਿਸ ਦਾ ਮੈਂਬਰ ਹੈ।

**33. ਸੈਲਫ-ਰੈਗੂਲੇਟਰੀ ਸੰਸਥਾ ਕਿਵੇਂ ਬਣੇਗੀ?**

ਪ੍ਰਕਾਸ਼ਕ ਜਾਂ ਉਨ੍ਹਾਂ ਦੀਆਂ ਐਸੋਸੀਏਸ਼ਨਾਂ ਇਨ੍ਹਾਂ ਨਿਯਮਾਂ ਦੀਆਂ ਵਿਵਸਥਾਵਾਂ ਅਨੁਸਾਰ ਸੈਲਫ-ਰੈਗੂਲੇਟਰੀ ਸੰਸਥਾਵਾਂ ਸਥਾਪਿਤ ਕਰ ਸਕਦੇ ਜਾਂ ਸਕਦੀਆਂ ਹਨ।

**34. ਸੈਲਫ-ਰੈਗੂਲੇਟਰੀ ਸੰਸਥਾ ਦੀ ਬਣਤਰ ਕੀ ਹੋਵੇਗੀ?**

ਸੈਲਫ-ਰੈਗੂਲੇਟਰੀ ਸੰਸਥਾ ਦਾ ਮੁਖੀ ਸੁਪਰੀਮ ਕੋਰਟ ਜਾਂ ਹਾਈ ਕੋਰਟ ਦਾ ਕੋਈ ਸੇਵਾ–ਮੁਕਤ ਜੱਜ ਹੋਵੇਗਾ ਜਾਂ ਮੀਡੀਆ, ਪ੍ਰਸਾਰਣ, ਮਨੋਰੰਜਨ, ਬਾਲ ਅਧਿਕਾਰਾਂ ਆਦਿ ਜਿਹੇ ਖੇਤਰ ਦੀ ਕੋਈ ਸੁਤੰਤਰ ਉੱਘੀ ਹਸਤੀ ਹੋਵੇਗੀ। ਇਸ ਦੇ ਵੱਧ ਤੋਂ ਵੱਧ ਛੇ ਮੈਂਬਰ ਹੋਣਗੇ, ਜੋ ਇਨ੍ਹਾਂ ਖੇਤਰਾਂ ਦੇ ਮਾਹਿਰ ਹੋਣਗੇ।

**35. ਕੀ ਭਾਰਤ ‘ਚ ਸਾਰੇ ਪ੍ਰਕਾਸ਼ਕਾਂ ਲਈ ਇੱਕੋ ਸੈਲਫ-ਰੈਗੂਲੇਟਰੀ ਸੰਸਥਾ ਹੋਵੇਗੀ?**

ਇੱਕ ਤੋਂ ਵੱਧ ਸੈਲਫ-ਰੈਗੂਲੇਟਰੀ ਸੰਸਥਾਵਾਂ ਹੋ ਸਕਦੀਆਂ ਹਨ ਪਰ ਇੱਕ ਪ੍ਰਕਾਸ਼ਕ ਇੱਕ ਸੈਲਫ-ਰੈਗੂਲੇਟਰੀ ਸੰਸਥਾ ਦਾ ਮੈਂਬਰ ਹੋਣਾ ਚਾਹੀਦਾ ਹੈ।

**36. ਸੈਲਫ-ਰੈਗੂਲੇਟਰੀ ਸੰਸਥਾਵਾਂ ਦੇ ਕੀ ਕਾਰਜ ਹਨ?**

ਸੈਲਫ-ਰੈਗੂਲੇਟਰੀ ਸੰਸਥਾ ਨਿਮਨਲਿਖਤ ਕਾਰਜ ਕਰੇਗੀ:–

- ਪ੍ਰਕਾਸ਼ਕ ਵੱਲੋਂ ‘ਨੀਤੀ–ਜ਼ਾਬਤੇ’ (ਕੋਡ ਆਵ੍ ਐਥਿਕਸ) ਦੀ ਪਾਲਣਾ ਯਕੀਨੀ ਬਣਾਏਗੀ;
- ਉਨ੍ਹਾਂ ਸ਼ਿਕਾਇਤਾਂ ਦਾ ਨਿਪਟਰਾ ਕਰੇਗੀ, ਜਿਨ੍ਹਾਂ ਦਾ ਨਿਪਟਰਾ ਪ੍ਰਕਾਸ਼ਕਾਂ ਵੱਲੋਂ 15 ਦਿਨਾਂ ਅੰਦਰ ਨਹੀਂ ਕੀਤਾ ਗਿਆ ਹੈ;
- ਪ੍ਰਕਾਸ਼ਕਾਂ ਦੇ ਫ਼ੈਸਲੇ ਵਿਰੁੱਧ ਸ਼ਿਕਾਇਤਕਰਤਾ ਦੁਆਰਾ ਦਾਇਰ ਅਪੀਲਾਂ ਦੀ ਸੁਣਵਾਈ ਕਰੇਗੀ;
- ‘ਨੀਤੀ–ਜ਼ਾਬਤੇ’ (ਕੋਡ ਆਵ੍ ਐਥਿਕਸ) ਦੀ ਪਾਲਣਾ ਯਕੀਨੀ ਬਣਾਉਣ ਲਈ ਅਜਿਹੇ ਪ੍ਰਕਾਸ਼ਕਾਂ ਨੂੰ ਅਜਿਹਾ ਮਾਰਗ–ਦਰਸ਼ਨ ਜਾਂ ਅਡਵਾਈਜ਼ਰੀਜ਼ (ਸਲਾਹ) ਜਾਰੀ ਕਰੇਗੀ।

**37. ਕੀ ਮੰਤਰਾਲੇ ਦੁਆਰਾ ਸੈਲਫ-ਰੈਗੂਲੇਟਰੀ ਸੰਸਥਾਵਾਂ ਰਜਿਸਟਰਡ ਕੀਤੀਆਂ ਜਾਣਗੀਆਂ?**

ਮੰਤਰਾਲੇ ਵੱਲੋਂ ਇਹ ਤਸੱਲੀ ਕਰਨ ਤੋਂ ਬਾਅਦ ਸੈਲਫ-ਰੈਗੂਲੇਟਰੀ ਸੰਸਥਾਵਾਂ ਰਜਿਸਟਰਡ ਕੀਤੀਆਂ ਜਾਣਗੀਆਂ ਕਿ ਇਹ ਇਕਾਈ ਸਬੰਧਿਤ ਨਿਯਮਾਂ ਦੀਆਂ ਵਿਵਸਥਾਵਾਂ ਦੇ ਅਨੁਸਾਰ ਹੀ ਕਾਇਮ ਕੀਤੀ ਗਈ ਹੈ ਅਤੇ ਨਿਯਮਾਂ ਵਿੱਚ ਦਰਜ ਅਨੁਸਾਰ ਕਾਰਜ ਕਰਨ ਲਈ ਸਹਿਮਤ ਹੈ।

## 38. ਇੱਕ ਸੈਲਫ-ਰੈਗੂਲੇਟਰੀ ਸੰਸਥਾ ਪ੍ਰਕਾਸ਼ਕਾਂ ਨੂੰ ਕਿਹੜਾ ਮਾਰਗ–ਦਰਸ਼ਨ ਤੇ ਅਡਵਾਈਜ਼ਰੀ (ਸਲਾਹ) ਜਾਰੀ ਕਰ ਸਕਦੀ ਹੈ?

- ਪ੍ਰਕਾਸ਼ਕ ਨੂੰ ਚੇਤਾਵਨੀ ਦੇ ਸਕਦੀ ਹੈ, ਨਿੰਦਾ ਕਰ ਸਕਦੀ ਹੈ, ਸਾਵਧਾਨ ਕਰ ਸਕਦੀ ਹੈ ਜਾਂ ਝਾੜ ਪਾ ਸਕਦੀ ਹੈ; ਜਾਂ
- ਪ੍ਰਕਾਸ਼ਕ ਨੂੰ ਮੁਆਫ਼ੀ ਮੰਗਣ ਲਈ ਆਖ ਸਕਦੀ ਹੈ; ਜਾਂ
- ਪ੍ਰਕਾਸ਼ਕ ਨੂੰ ਕੋਈ ਚੇਤਾਵਨੀ–ਕਾਰਡ ਜਾਂ ਦਾਅਵਾ–ਤਿਆਗ ਜਾਰੀ ਕਰਨ ਲਈ ਆਖ ਸਕਦੀ ਹੈ; ਜਾਂ
- ਔਨਲਾਈਨ ਤਿਆਰ ਕੀਤੇ ਕੰਟੈਂਟ ਦੇ ਮਾਮਲੇ ਵਿੱਚ, ਪ੍ਰਕਾਸ਼ਕ ਨੂੰ ਇੰਝ ਕਰਨ ਦੀ ਹਦਾਇਤ ਜਾਰੀ ਕਰ ਸਕਦੀ ਹੈ –
    - ਉਚਿਤ ਕੰਟੈਂਟ ਦੀ ਦਰਜਾਬੰਦੀ ਦਾ ਮੁੜ–ਵਰਗੀਕਰਣ ਕਰਨ ਲਈ ਕਹਿ ਸਕਦੀ ਹੈ; ਜਾਂ
    - ਵਿਸ਼ੇ ਦੀ ਵਿਆਖਿਆ, ਉਮਰ ਵਰਗੀਕਰਣ ਤੇ ਪਹੁੰਚ ਨਿਯੰਤ੍ਰਣ ਉਪਾਵਾਂ ਵਿੱਚ ਉਚਿਤ ਸੋਧ ਕਰ ਸਕਦੀ ਹੈ; ਜਾਂ
    - ਸਬੰਧਿਤ ਕੰਟੈਂਟ ਦੀ ਰੂਪ–ਰੇਖਾ ਐਡਿਟ ਕਰ ਸਕਦੀ ਹੈ;

## 39. ਕੀ ਇੱਕ ਸ਼ਿਕਾਇਤਕਰਤਾ ਸੈਲਫ-ਰੈਗੂਲੇਟਰੀ ਸੰਸਥਾ ਦੁਆਰਾ ਲਏ ਫ਼ੈਸਲੇ ਵਿਰੁੱਧ ਅਪੀਲ ਕਰ ਸਕਦੀ ਹੈ?

ਜੀ ਹਾਂ, ਸ਼ਿਕਾਇਤਕਰਤਾ ਫ਼ੈਸਲਾ ਪ੍ਰਾਪਤ ਹੋਣ ਦੇ 15 ਦਿਨਾਂ ਅੰਦਰ ਸੈਲਫ-ਰੈਗੂਲੇਟਰੀ ਸੰਸਥਾ ਦੇ ਫ਼ੈਸਲੇ ਵਿਰੁੱਧ 'ਓਵਰਸਾਈਟ ਮਕੈਨਿਜ਼ਮ' ਕੋਲ ਅਪੀਲ ਕਰ ਸਕਦਾ/ਸਕਦੀ ਹੈ।

## 40. ਸ਼ਿਕਾਇਤ ਨਿਵਾਰਣ ਦੇ ਤਿੰਨ–ਪੜਾਵੀ ਤੰਤਰ ਅਧੀਨ 'ਓਵਰਸਾਈਟ ਮਕੈਨਿਜ਼ਮ' (ਪੱਧਰ III) ਕੀ ਹੋਵੇਗਾ?

ਸੂਚਨਾ ਪ੍ਰਸਾਰਣ ਮੰਤਰਾਲਾ ਅਤੇ ਮੰਤਰਾਲੇ ਦੁਆਰਾ ਗਠਿਤ ਅੰਤਰ–ਵਿਭਾਗੀ ਕਮੇਟੀ ਹੀ 'ਓਵਰਸਾਈਟ ਮਕੈਨਿਜ਼ਮ' ਦਾ ਕਾਇਮ ਕਰੇਗੀ।

## 41. ਅੰਤਰ–ਵਿਭਾਗੀ ਕਮੇਟੀ ਦੀ ਬਣਤਰ ਕੀ ਹੋਵੇਗੀ?

ਅੰਤਰ–ਵਿਭਾਗੀ ਕਮੇਟੀ ਦੇ ਮੁਖੀ ਮੰਤਰਾਲੇ ਵੱਲੋਂ ਮਨੋਨੀਤ/ਨਾਮਜ਼ਦ ਅਧਿਕਾਰਤ ਅਫ਼ਸਰ ਹੋਵੇਗਾ। ਇਸ ਵਿੱਚ ਹੋਰਨਾਂ ਮੰਤਰਾਲਿਆਂ ਅਤੇ ਗ੍ਰਹਿ ਮੰਤਰਾਲਾ, ਇਲੈਕਟ੍ਰੌਨਿਕਸ ਤੇ ਇਨਫਰਮੇਸ਼ਨ ਟੈਕਨੋਲੋਜੀ ਮੰਤਰਾਲਾ ਆਦਿ ਜਿਹੇ ਸੰਗਠਨਾਂ ਅਤੇ ਡੋਮੇਨ ਮਾਹਿਰਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ

## 42. ਅੰਤਰ–ਵਿਭਾਗੀ ਕਮੇਟੀ ਦੀ ਭੂਮਿਕਾ ਕੀ ਹੋਵੇਗੀ?

ਅੰਤਰ–ਵਿਭਾਗੀ ਕਮੇਟੀ ਪੱਧਰ II/I 'ਤੇ ਉੱਠਣ ਵਾਲੀਆਂ ਜਾਂ ਮੰਤਰਾਲੇ ਵੱਲੋਂ ਰੈਫ਼ਰ ਕੀਤੀਆਂ ਸ਼ਿਕਾਇਤਾਂ ਦੀ ਸੁਣਵਾਈ ਕਰੇਗੀ ਅਤੇ ਮੰਤਰਾਲੇ ਨੂੰ ਸਿਫ਼ਾਰਸ਼ਾਂ ਕਰੇਗੀ।

## 43. ਕੀ ਪ੍ਰਕਾਸ਼ਕਾਂ ਨੂੰ ਸੁਣਵਾਈ ਦਾ ਇੱਕ ਮੌਕਾ ਦਿੱਤਾ ਜਾਵੇਗਾ ਤੇ ਕੀ ਉਹ ਕਮੇਟੀ ਸਾਹਮਣੇ ਆਪਣਾ ਜਵਾਬ ਤੇ ਸਪਸ਼ਟੀਕਰਣ ਦੇ ਸਕਣਗੇ?

ਕਮੇਟੀ ਨੂੰ ਰੈਫ਼ਰ ਕੀਤੇ ਮਾਮਲਿਆਂ ਲਈ ਪ੍ਰਕਾਸ਼ਕਾਂ ਨੂੰ ਸੁਣਵਾਈ ਦਾ ਇੱਕ ਮੌਕਾ ਮਿਲੇਗਾ ਤੇ ਉਹ ਕਮੇਟੀ ਸਾਹਵੇਂ ਆਪਣਾ ਜਵਾਬ ਤੇ ਸਪਸ਼ਟੀਕਰਣ ਦਾਖ਼ਲ ਕਰ ਸਕਣਗੇ।

## 44. ਕਿਸੇ ਸ਼ਿਕਾਇਤ/ਅਪੀਲ ਦਾ ਅੰਤਿਮ ਨਿਪਟਰਾ ਕਿਵੇਂ ਹੋਵੇਗਾ?

ਮੰਤਰਾਲੇ ਕੋਲ ਕਮੇਟੀ ਨਿਮਨਲਿਖਤ ਸਿਫ਼ਾਰਸ਼ਾਂ ਕਰ ਸਕਦੀ ਹੈ:–

- ਅਜਿਹੀ ਇਕਾਈ ਨੂੰ ਚੇਤਾਵਨੀ ਦੇ ਸਕਦੀ ਹੈ, ਨਿੰਦਾ ਕਰ ਸਕਦੀ ਹੈ, ਸਾਵਧਾਨ ਕਰ ਸਕਦੀ ਹੈ ਜਾਂ ਝਾੜ ਪਾ ਸਕਦੀ ਹੈ; ਜਾਂ
- ਅਜਿਹੀ ਇਕਾਈ ਨੂੰ ਮੁਆਫ਼ੀ ਮੰਗਣ ਲਈ ਕਹਿ ਸਕਦੀ ਹੈ; ਜਾਂ
- ਅਜਿਹੀ ਇਕਾਈ ਨੂੰ ਇੱਕ ਚੇਤਾਵਨੀ–ਕਾਰਡ ਜਾਂ ਇੱਕ ਦਾਅਵਾ–ਤਿਆਗ ਸ਼ਾਮਲ ਕਰਨ ਲਈ ਕਹਿ ਸਕਦੀ ਹੈ; ਜਾਂ

- ਔਨਲਾਈਨ ਤਿਆਰ ਕੀਤੇ ਕੰਟੈਂਟ ਦੇ ਮਾਮਲੇ 'ਚ ਇੱਕ ਪ੍ਰਕਾਸ਼ਕ ਨੂੰ ਇਹ ਕਰਨ ਦੀ ਹਦਾਇਤ ਜਾਰੀ ਕਰ ਸਕਦੀ ਹੈ–
  - ਸਬੰਧਿਤ ਕੰਟੈਂਟ ਦੀਆਂ ਰੇਟਿੰਗਸ ਦਾ ਮੁੜ–ਵਰਗੀਕਰਣ ਕਰਨ ਲਈ ਆਖ ਸਕਦੀ ਹੈ; ਜਾਂ
  - ਸਬੰਧਿਤ ਕੰਟੈਂਟ ਦੀ ਰੂਪ–ਰੇਖਾ ਐਡਿਟ ਕਰਨ ਲਈ ਕਹਿ ਸਕਦੀ ਹੈ; ਜਾਂ
  - ਕੰਟੈਂਟ ਦੀ ਵਿਆਖਿਆ, ਉਮਰ ਵਰਗੀਕਰਣ ਤੇ ਪੇਰੈਂਟਲ ਜਾਂ ਪਹੁੰਚ ਕੰਟਰੋਲ ਵਿੱਚ ਵਾਜਬ ਸੋਧ ਕਰਨ ਲਈ ਆਖ ਸਕਦੀ ਹੈ;
- ਕਿਸੇ ਕੰਟੈਂਟ ਨੂੰ ਡਿਲੀਟ ਕਰਨ ਜਾਂ ਉਸ ਵਿੱਚ ਸੋਧ ਕਰਨ ਲਈ ਆਖ ਸਕਦੀ ਹੈ; ਤਾਂ ਜੋ ਜਨਤਕ ਵਿਵਸਥਾ ਨਾਲ ਸਬੰਧਿਤ ਕਿਸੇ ਵਿਚਾਰੇ ਜਾਣਯੋਗ ਜੁਰਮ ਨੂੰ ਹੋਣ ਤੋਂ ਰੋਕਥਾਮ ਹੋ ਸਕੇ।
- ਕਿਸੇ ਅਜਿਹੇ ਕੰਟੈਂਟ ਦੇ ਮਾਮਲੇ ਵਿੱਚ, ਜਿੱਥੇ ਕਮੇਟੀ ਨੂੰ ਤਸੱਲੀ ਹੋਵੇ ਕਿ ਕਾਨੂੰਨ ਦੇ ਸੈਕਸ਼ਨ 69ਏ ਦੇ ਉਪ–ਸੈਕਸ਼ਨ (1) ਵਿੱਚ ਦਰਜ ਕਾਰਨਾਂ ਦੇ ਸਬੰਧ ਵਿੱਚ ਕਾਰਵਾਈ ਕਰਨ ਦੀ ਜ਼ਰੂਰਤ ਹੈ।

### 45. ਇੱਕ ਸ਼ਿਕਾਇਤ/ਅਪੀਲ ਦਾ ਅੰਤਿਮ ਨਿਪਟਰਾ ਕਿਵੇਂ ਹੋਵੇਗਾ?

ਮੰਤਰਾਲਾ ਅੰਤਰ–ਵਿਭਾਗੀ ਕਮੇਟੀ ਦੀਆਂ ਸਿਫ਼ਾਰਸ਼ਾਂ ਉੱਤੇ ਵਿਚਾਰ ਕਰੇਗਾ ਅਤੇ ਪ੍ਰਕਾਸ਼ਕ ਦੁਆਰਾ ਪਾਲਣਾ ਲਈ ਉਚਿਤ ਆਦੇਸ਼/ਦਿਸ਼ਾ–ਨਿਰਦੇਸ਼ ਜਾਰੀ ਕਰੇਗਾ।

### 46. ਕੀ ਸਰਕਾਰ ਦੁਆਰਾ ਕਿਸੇ ਕੰਟੈਂਟ ਨੂੰ ਬਲੌਕ ਕਰਨਾ ਕੋਈ ਨਵੀਂ ਵਿਵਸਥਾ ਹੈ?

ਕਿਸੇ ਕੰਟੈਂਟ ਨੂੰ ਬਲੌਕ ਕਰਨ ਦੀ ਵਿਵਸਥਾ ਕੋਈ ਨਵੀਂ ਵਿਵਸਥਾ ਨਹੀਂ ਹੈ। ਇਹ ਸਾਲ 2009 ਤੋਂ ਪਿਛਲੇ 11 ਸਾਲਾਂ ਤੋਂ ਆਈਟੀ ਐਕਟ ਦੇ ਸੈਕਸ਼ਨ 69ਏ ਅਧੀਨ ਪਹਿਲਾਂ ਤੋਂ ਮੌਜੂਦ ਹੈ, ਇਸ ਵਿਵਸਥਾ ਦੀ ਵਰਤੋਂ ਸਕੱਤਰ, ਇਲੈਕਟ੍ਰੌਨਿਕਸ ਅਤੇ ਇਨਫਰਮੇਸ਼ਨ ਟੈਕਨੋਲੋਜੀ ਮੰਤਰਾਲੇ ਵੱਲੋਂ 'ਇਨਫਰਮੇਸ਼ਨ ਟੈਕਨੋਲੋਜੀ (ਜਨਤਾ ਦੁਆਰਾ ਸੂਚਨਾ ਤੱਕ ਪਹੁੰਚ ਬਲੌਕ ਕਰਨ ਲਈ ਕਾਰਜ–ਵਿਧੀ ਤੇ ਸੁਰੱਖਿਆਤਮਕ ਉਪਾਅ) ਨਿਯਮਾਂ, 2009' ਅਧੀਨ ਕੀਤੀ ਗਈ ਹੈ। ਇਨਫਰਮੇਸ਼ਨ ਟੈਕਨੋਲੋਜੀ (ਇੰਟਰਮੀਡੀਅਰੀ ਗਾਈਡਲਾਈਨਸ ਐਂਡ ਡਿਜੀਟਲ ਮੀਡੀਆ ਐਥਿਕਸ ਕੋਡ) ਨਿਯਮਾਂ

ਅਧੀਨ ਇਹ ਵਿਵਸਥਾ ਸਿਰਫ਼ ਬਦਲ ਕੇ ਸਕੱਤਰ, ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਦੇ ਦਿੱਤੀ ਗਈ ਹੈ ਕਿਉਂਕਿ ਇਨ੍ਹਾਂ ਨਿਯਮਾਂ ਦਾ ਭਾਗ III ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵੱਲੋਂ ਸ਼ਾਸਿਤ ਹੋਵੇਗਾ।

### 47. ਕੰਟੈਂਟ ਬਲੌਕ ਕਰਨ ਸਬੰਧੀ ਸੁਰੱਖਿਆਤਮਕ ਉਪਾਅ ਕੀ ਹਨ?

ਸ਼੍ਰੇਯਾ ਸਿੰਘਲ ਫ਼ੈਸਲੇ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਕਿਹਾ ਕਿ ਸੈਕਸ਼ਨ 69ਏ ਅਧੀਨ ਬਲੌਕ ਕੀਤੇ ਜਾਣ ਦੀ ਵਿਵਸਥਾ ਰਤਣ ਤੋਂ ਪਹਿਲਾਂ ਕਾਫ਼ੀ ਵਿਧੀਆਤਮਕ ਸੁਰੱਖਿਆਤਮਕ ਉਪਾਅ ਸਨ। ਇਹ ਸੁਰੱਖਿਆਤਮਕ ਉਪਾਅ ਨਵੇਂ ਨਿਯਮਾਂ ਵਿੱਚ ਰੱਖੇ ਗਏ ਹਨ। ਇਨ੍ਹਾਂ ਸੁਰੱਖਿਆਤਮਕ ਉਪਾਵਾਂ ਵਿੱਚ ਇਹ ਸ਼ਾਮਲ ਹੈ:

- ਬਲੌਕਿੰਗ ਸਿਰਫ਼ ਕਿਸੇ ਖ਼ਾਸ ਆਧਾਰ ਉੱਤੇ ਹੀ ਕੀਤੀ ਜਾ ਸਕਦੀ ਹੈ, ਜੋ ਬੋਲਣ ਦੀ ਆਜ਼ਾਦੀ ਉੱਤੇ ਵਾਜਬ ਪਾਬੰਦੀਆਂ ਨਾਲ ਸਬੰਧਿਤ ਹੋਵੇਗੀ; ਜਿਵੇਂ ਕਿ ਸੰਵਿਧਾਨ ਦੀ ਧਾਰਾ 19(2) ਵਿੱਚ ਦਰਜ ਹੈ। ਇਨ੍ਹਾਂ ਵਿੱਚ ਭਾਰਤ ਦੀ ਪ੍ਰਭੂਸੱਤਾ ਤੇ ਅਖੰਡਤਾ, ਦੇਸ਼ ਦੀ ਸੁਰੱਖਿਆ, ਹੋਰਨਾਂ ਦੇਸ਼ਾਂ ਨਾਲ ਦੋਸਤਾਨਾ ਸਬੰਧ ਆਦਿ ਸ਼ਾਮਲ ਹਨ।
- ਕਿਸੇ ਕੰਟੈਂਟ ਦੀ ਬਲੌਕਿੰਗ ਦੀ ਸਿਫ਼ਾਰਸ਼ ਅਜਿਹੀ ਕਮੇਟੀ ਵੱਲੋਂ ਹੋਣੀ ਚਾਹੀਦੀ ਹੈ, ਜਿਸ ਵਿੱਚ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ, ਕਾਨੂੰਨ ਤੇ ਨਿਆਂ ਮੰਤਰਾਲੇ, ਰੱਖਿਆ ਮੰਤਰਾਲੇ, ਵਿਦੇਸ਼ ਮੰਤਰਾਲੇ ਦੇ ਨੁਮਾਇੰਦੇ ਹੋਣ।
- ਇਨ੍ਹਾਂ ਨਿਯਮਾਂ ਵਿੱਚ ਸਬੰਧਿਤ ਪ੍ਰਕਾਸ਼ਕ ਨੂੰ ਉਸ ਕਮੇਟੀ ਸਾਹਵੇਂ ਪੇਸ਼ ਹੋ ਕੇ ਆਪਣਾ ਜਵਾਬ ਤੇ ਸਪਸ਼ਟੀਕਰਣ ਦਾਖ਼ਲ ਕਰਨ ਦਾ ਮੌਕਾ ਦਿੱਤਾ ਜਾਵੇਗਾ – ਜੋ ਇਹ ਜਾਂਚ ਕਰ ਰਹੀ ਹੋਵੇਗੀ ਕਿ ਕੀ ਅਜਿਹੀ ਜਾਣਕਾਰੀ ਨੂੰ ਬਲੌਕ ਕਰਨਾ ਜ਼ਰੂਰੀ ਹੈ ਜਾਂ ਨਹੀਂ। ਅਜਿਹਾ ਸਿਰਫ਼ ਤਦ ਹੀ ਹੁੰਦਾ ਹੈ, ਜਦੋਂ ਕਮੇਟੀ ਨੇ ਇਹ ਪਾਇਆ ਹੋਵੇ ਕਿ ਬਲੌਕਿੰਗ ਦਾ ਹੁਕਮ ਦੇਣਾ ਇੱਕ ਜ਼ਰੂਰਤ ਹੈ।
- ਕੰਟੈਂਟ ਬਲੌਕ ਕਰਨ ਦੇ ਕਾਰਨ ਲਿਖਤੀ ਰੂਪ ਵਿੱਚ ਦਰਜ ਕਰਨੇ ਹੋਣਗੇ।

## ਸੈਕਸ਼ਨ VI: ਹੋਰ ਪੱਖ

### 48. 'ਨੀਤੀ–ਜ਼ਾਬਤਾ' (ਕੋਡ ਆਫ੍ ਐਥਿਕਸ) ਅਤੇ ਹੋਰ ਪੱਖਾਂ ਨਾਲ ਸਬੰਧਿਤ ਮਾਮਲਿਆਂ ਬਾਰੇ ਪ੍ਰਕਾਸ਼ਕ; ਮੰਤਰਾਲੇ ਨਾਲ ਅਤੇ ਮੰਤਰਾਲਾ ਪ੍ਰਕਾਸ਼ਕਾਂ ਨਾਲ ਗੱਲਬਾਤ ਤੇ ਤਾਲਮੇਲ ਕਿਵੇਂ ਕਾਇਮ ਕਰਨਗੇ?

ਪ੍ਰਕਾਸ਼ਕ ਮੰਤਰਾਲੇ ਨੂੰ ਆਪਣੀ ਇਕਾਈ ਦੇ ਵੇਰਵਿਆਂ ਬਾਰੇ ਸੂਚਿਤ ਕਰਨਗੇ ਅਤੇ ਇਸ ਲਈ ਮੰਤਰਾਲੇ ਕੋਲ ਜਾਣਕਾਰੀ ਦਰਜ ਕਰਵਾਉਣਗੇ।

### 49. ਪ੍ਰਕਾਸ਼ਕਾਂ ਤੇ ਇੰਟਰਮੀਡੀਅਰੀਜ਼ ਦੁਆਰਾ ਕਿਹੜੇ ਮਾਮਲੇ ਜਨਤਾ ਦੇ ਸਾਹਮਣੇ ਰੱਖਣ ਦੀ ਲੋੜ ਹੈ?

ਪ੍ਰਕਾਸ਼ਕ ਅਤੇ ਸੈਲਫ-ਰੈਗੂਲੇਟਰੀ ਸੰਸਥਾਵਾਂ ਉਨ੍ਹਾਂ ਨੂੰ ਪ੍ਰਾਪਤ ਸਾਰੀਆਂ ਸ਼ਿਕਾਇਤਾਂ ਜ਼ਾਹਿਰ ਕਰਨਗੀਆਂ, ਉਹ ਤਰੀਕਾ ਵੀ ਦੱਸਿਆ ਜਾਵੇਗਾ, ਜਿਵੇਂ ਸ਼ਿਕਾਇਤਾਂ ਦਾ ਨਿਪਟਰਾ ਕੀਤਾ ਜਾਂਦਾ ਹੈ, ਇੰਝ ਹੀ ਸ਼ਿਕਾਇਤ ਉੱਤੇ ਕੀਤੀ ਕਾਰਵਾਈ, ਸ਼ਿਕਾਇਤਕਰਤਾ ਨੂੰ ਭੇਜੇ ਜਵਾਬ ਬਾਰੇ ਵੀ ਜਾਣਕਾਰੀ ਹਰ ਮਹੀਨੇ ਦਿੱਤੀ ਜਾਵੇਗੀ।

## ਸੈਕਸ਼ਨ VII: ਮੰਤਰਾਲੇ ਵਿੱਚ ਕੰਟੈਕਟ ਪੁਆਇੰਟਸ

50. ਕਿਸੇ ਸਪਸ਼ਟੀਕਰਣ ਜਾਂ ਸ਼ੰਕਿਆਂ ਦੇ ਮਾਮਲੇ ਵਿੱਚ, ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵਿੱਚ ਕਿਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ?
ਕਿਸੇ ਤਰ੍ਹਾਂ ਦੇ ਸ਼ੰਕਿਆਂ ਜਾਂ ਸਪਸ਼ਟੀਕਰਣ ਦੇ ਮਾਮਲੇ ਵਿੱਚ ਨਿਮਨਲਿਖਤ ਅਧਿਕਾਰੀਆਂ ਨਾਲ ਈਮੇਲ ਜ਼ਰੀਏ ਸੰਪਰਕ ਕੀਤਾ ਜਾ ਸਕਦਾ ਹੈ:

- ਸ਼੍ਰੀ ਅਮਰੇਂਦਰ ਸਿੰਘ, ਡਿਪਟੀ ਸਕੱਤਰ (ਡਿਜੀਟਲ ਮੀਡੀਆ), ਸੂਚਨਾ ਤੇ ਪ੍ਰਸਾਰਣ ਮੰਤਰਾਲਾ, ਈਮੇਲ ਅਡਰੈੱਸ: amarendra.singh@nic.in
- ਸ਼੍ਰੀ ਕਸ਼ਿਤਿਜ ਅਗਰਵਾਲ, ਅਸਿਸਟੈਂਟ ਡਾਇਰੈਕਟਰ (ਡਿਜੀਟਲ ਮੀਡੀਆ), ਸੂਚਨਾ ਤੇ ਪ੍ਰਸਾਰਣ ਮੰਤਰਾਲਾ। ਈਮੇਲ ਅਡਰੈੱਸ: kshitij.aggarwal@gov.in

ਇਨ੍ਹਾਂ ਨਿਯਮਾਂ ਬਾਰੇ ਸਾਰੀ ਜਾਣਕਾਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀ ਵੈੱਬਸਾਈਟ https://mib.gov.in ਉੱਤੇ ਉਪਲਬਧ ਹੈ।